# THE COMBINATION OF DEVOTION AND DEVOTION IN THE VERSES OF SRI GURU TEG BAHADUR SAHIB

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਵੈਰਾਗ ਅਤੇ ਭਗਤੀ ਦੀ ਸੁਮੇਲਤਾ

**ਡਾ. ਸੰਦੀਪ ਸਿੰਘ ਮੁੰਡੇ (Dr. Sandeep Singh Munday)**
ਪ੍ਰਿੰਸੀਪਲ , ਗੁਰੂ ਹਰਿਗੋਬਿੰਦ ਸਾਹਿਬ ਪੀਜੀ ਕਾਲਜ,
ਸੀ.ਸੀ. ਹੈਡ, ਸ੍ਰੀਗੰਗਾਨਗਰ (ਰਾਜਸਥਾਨ)
ਮੋਬਾਈਲ : 94136-52646, E-Mail : sandeepmunday@gmail.com

**ABSTRACT**

*ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮੁੱਚੀ ਬਾਣੀ ਮਨੁੱਖਤਾ ਦੇ ਕਲਿਆਣ ਲਈ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਮਨੁੱਖ ਨੂੰ ਉੱਚਾ ਆਤਮਿਕ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀਆਂ ਹਨ। ਪਰ ਅੱਜ ਸਮਾਜ ਵਿੱਚ ਵੱਧ ਰਹੀ ਦੁਸ਼ਮਣੀ, ਈਰਖਾ, ਨਫਰਤ, ਅਮੀਰ-ਗਰੀਬ ਦਾ ਪਾੜਾ ਅਤੇ ਵਿਅਕਤੀਵਾਦ ਉੱਚੀ ਆਤਮਕ ਜੀਵਨ ਦੀ ਧਾਰਨਾ ਨੂੰ ਢਾਹ ਲਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਏਕਤਾ ਦਾ ਸੰਦੇਸ਼ ਦੇ ਕੇ ਲੋਕਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ ਹੈ। ਗੁਰੂ ਜੀ ਦੀ ਸਮੁੱਚੀ ਬਾਣੀ ਵੈਰਾਗਮਈ ਜੀਵਨ ਅਤੇ ਸੰਸਾਰਕ ਨਾਸ਼ਮਾਨਤਾ ਦੇ ਸੰਦੇਸ਼ ਨਾਲ ਭਰਪੂਰ ਹੈ। ਗੁਰੂ ਜੀ ਨੇ ਆਪਣੇ ਆਪ ਨੂੰ ਜ਼ਬਰ ਦੇ ਖਿਲਾਫ ਕੁਰਬਾਨ ਨਹੀਂ ਕੀਤਾ ਬਲਕਿ ਮਨੁੱਖਤਾ ਦੀ ਰੱਖਿਆ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ।*

**ਕੀਵਰਡ**: *ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਨੁੱਖਤਾ, ਅਧਿਆਤਮਿਕ ਜੀਵਨ, ਗੁਰੂ ਗ੍ਰੰਥ ਸਾਹਿਬ, ਪ੍ਰੇਰਨਾ, ਉਪਦੇਸ਼।*

ਮਹਾਨ ਇਨਕਲਾਬੀ ਅਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿਖ ਧਰਮ ਦੀ ਗੁਰਗੱਦੀ ਦੇ ਨੌਵੇਂ ਪੈਰੋਕਾਰ ਸਨ। ਛੇਵੇਂ ਸਿਖ ਗੁਰੂ ਸਾਹਿਬਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਦੇ ਘਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਵਤਾਰ ਹੋਇਆ। ਗੁਰੂ ਜੀ ਦਾ ਜੀਵਨ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖਸੀਅਤ ਅਤੇ 'ਮੀਰ-ਪੀਰੀ' ਦੀ ਅਵਧਾਰਣਾ ਤੋਂ ਬਹੁਤ ਪ੍ਰਭਾਵਿਤ ਹੋਇਆ।ਇਸੇ ਦੇ ਨਤੀਜੇ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਪਾਸੇ ਧਾਰਮਿਕ ਵਿਦਿਆ ਪ੍ਰਾਪਤ ਕਰ ਕੇ ਦਾਰਸ਼ਨਿਕ ਗਿਆਨ ਪ੍ਰਾਪਤ ਕੀਤਾ ਅਤੇ ਦੂਜੇ ਪਾਸੇ ਘੋੜ ਸਵਾਰੀ, ਤੀਰਅੰਦਾਜ਼ੀ, ਤਲਵਾਰਬਾਜ਼ੀ ਅਤੇ ਗਤਕਾ ਸਿਖਲਾਈ ਪ੍ਰਾਪਤ ਕੀਤੀ। ਗੁਰੂ ਜੀ ਇਕ ਅਜਿਹੀ ਸ਼ਖਸੀਅਤ ਦੇ ਮਾਲਿਕ ਸਨ, ਜਿਸ ਵਿਚ ਉਹ ਇਕ ਉੱਚ ਦਰਜੇ ਦੇ ਦਾਰਸ਼ਨਿਕ, ਕਵੀ, ਤਪੱਸਵੀ, ਦਲੇਰ, ਨਿਡਰ, ਮਹਾਨ ਯੋਧਾ ਅਤੇ ਮਹਾਨ ਕੁਰਬਾਨੀ ਦੇ ਪੁੰਜ ਬਣੇ।

ਗੁਰੂ ਜੀ ਨੇ ਗੁਰਮਤਿ ਸਿਖਿਆਵਾਂ ਦਾ ਪ੍ਰਚਾਰ-ਪਸਾਰ ਕਰਨ ਦੇ ਉਦੇਸ਼ ਨਾਲ ਬਹੁਤ ਸਾਰੇ ਥਾਵਾਂ ਦੀਆਂ ਯਾਤਰਾਵਾਂ ਕੀਤੀਆਂ। ਆਪ ਦੇ ਹਿਰਦੇ ਅੰਦਰ ਦੇਸ਼-ਵਾਸੀਆਂ ਦੇ ਕਲਿਆਣ ਦੀ ਭਾਵਨਾ ਸਮਾਈ ਹੋਈ ਸੀ। ਸਮਕਾਲੀਨ ਬਾਦਸ਼ਾਹ ਔਰੰਗਜ਼ੇਬ ਨੇ ਧਾਰਮਿਕ ਕੱਟੜਤਾ ਤਹਿਤ ਗੈਰ-ਮੁਸਲਿਮ ਲੋਕਾਂ ਨੂੰ ਸਮੂਹਿਕ ਤੌਰ ਤੇ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ, ਜਿਸਦੇ ਫਲਸਵਰੂਪ ਕਸ਼ਮੀਰ ਦੇ ਬ੍ਰਾਹਮਣ ਆਪਣੇ ਧਰਮ ਦੀ ਰਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿਚ ਆਏ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਸੰਕਟ ਨੂੰ ਮਾਨਵਤਾ ਦਾ ਸੰਕਟ ਸਮਝ ਕੇ ਮਾਨਵਤਾ ਨੂੰ ਬਚਾਉਣ ਦੀ ਖਾਤਰ ਆਪਣਾ ਸੀਸ ਭੇਂਟ ਕਰ ਦਿੱਤਾ। ਦੁਨੀਆ ਦੇ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਹ ਪਹਿਲੀ ਵਿਲੱਖਣ ਸ਼ਹਾਦਤ ਸੀ, ਜਿਸਦਾ ਉਦੇਸ਼ ਜਾਤਪਾਤ ਦੇ ਭੇਦਭਾਵ ਤੋਂ ਬਿਨਾਂ ਮਨੁੱਖਤਾ ਦੀ ਰੱਖਿਆ ਕਰਨਾ ਅਤੇ ਜਬਰ ਜ਼ੁਲਮ ਵਿਰੁਧ ਆਵਾਜ਼ ਬੁਲੰਦ ਕਰਨਾ ਸੀ। ਅਜਿਹੀ ਨਿਰਭੈਤਾ ਅਤੇ ਲਾਸਾਨੀ ਕੁਰਬਾਨੀ ਦੀ ਮਸਾਲ ਕਿਧਰੇ ਹੋਰ ਨਹੀਂ ਮਿਲਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਇਸ ਸ਼ਹਾਦਤ ਨੂੰ ਇਸ ਤਰਾਂ ਬਿਆਨ ਕਰਦੇ ਹਨ-

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ ॥੧੩॥* *(ਬਚਿਤ੍ਰ ਨਾਟਕ, ਅੰਗ 58)*

ਸ੍ਰੀ ਗੁਰੂ ਤੇਗ ਬਹਾਦਰ ਜੀ ਬਾਲ ਅਵਸਥਾਂ ਤੋਂ ਹੀ ਵੈਰਾਗਮਈ ਤੇ ਪਰਉਪਕਾਰੀ ਸੁਭਾਅ ਵਾਲੇ ਗੰਭੀਰ ਧਰਮ ਸਾਧਕ ਅਤੇ ਤਪਸਵੀ ਮਹਾਪੁਰਸ਼ ਸਨ। ਗੁਰੂ ਜੀ ਬਚਪਨ ਤੋਂ ਹੀ ਸੰਗੀਤ ਅਤੇ ਕਵਿਤਾਵਾਂ ਦੇ ਬਹੁਤ ਵੱਡੇ ਪ੍ਰਸ਼ੰਸਕ ਸਨ। ਇਸ ਰੁਚੀ ਦਾ ਸਬੂਤ ਉਨ੍ਹਾਂ ਦੁਆਰਾ ਰਚਿਤ ਬਾਣੀ ਦੀ ਸੰਗੀਤਕ ਧੁਨ ਅਤੇ ਤਾਲ ਵਿਚ ਦੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ 15 ਰਾਗਾਂ ਵਿਚ ਉਚਾਰੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਗੁਰੂ ਜੀ ਨੇ ਰਾਗ ਗਉੜੀ, ਰਾਗ ਆਸਾ, ਰਾਗ ਦੇਵਗੰਧਾਰੀ, ਰਾਗ ਬਿਹਾਗੜਾ, ਰਾਗ ਸੋਰਠ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਤਿਲੰਗ, ਰਾਗ ਬਿਲਾਵਲ, ਰਾਗ ਰਾਮਕਲੀ, ਰਾਗ ਮਾਰੂ, ਰਾਗ ਬਸੰਤ ਹਿੰਡੋਲ, ਰਾਗ ਸਾਰੰਗ ਅਤੇ ਰਾਗ ਜੈਜਾਵੰਤੀ ਚ ਸ਼ਬਦਾਂ ਦੀ ਰਚਨਾ ਕੀਤੀ। ਜੈਜਾਵੰਤੀ ਰਾਗ ਵਿਚ ਕੇਵਲ ਆਪ ਨੇ ਹੀ ਬਾਣੀ ਰਚੀ।ਆਪ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਚ 'ਸਲੋਕ ਮਹਲਾ ੯' ਦੇ ਸਿਰਲੇਖ ਹੇਠ 57 ਸਲੋਕ ਸੰਕਲਿਤ ਹਨ, ਜਿਨ੍ਹਾਂ ਨੂੰ ਭੋਗ ਦੇ ਸ਼ਬਦ ਕਹਿ ਕੇ ਸਨਮਾਨਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਰਚਿਤ ਬਾਣੀ ਦਾ ਮੁੱਖ ਵਿਸ਼ਾ ਪ੍ਰਭੂ ਦੇ ਸਰੂਪ ਦਾ ਚਿਤਰਣ, ਪ੍ਰਭੂ ਦੇ ਨਾਮ ਸਿਮਰਨ ਦੀ ਮਹੱਤਤਾ ਅਤੇ ਸੰਸਾਰਿਕ ਨਾਸ਼ਮਾਨਤਾ ਨੂੰ ਬਿਆਨ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹਰ ਪ੍ਰਕਾਰ ਦੇ ਸੰਸਾਰਕ ਬੰਧਨ ਤੋਂ ਨਿਰਲੇਪ ਰਹਿ ਕੇ ਜੀਵਨ ਜੀਉਣ ਦੀ ਜਾਚ ਦਸਦੀ ਹੈ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਸਮਾਜਕ, ਧਾਰਮਕ ਅਤੇ ਆਰਥਕ ਪੱਖੋਂ ਪਿਛੜੇ ਹੋਏ ਲੋਕਾਂ ਅਤੇ ਮਾਨਵਤਾ ਦੇ ਹੱਕ ਵਿਚ ਆਵਾਜ ਬੁਲੰਦ ਕੀਤੀ ਹੈ।

ਗੁਰੂ ਜੀ ਨੇ ਇਸ ਸੰਦੇਸ਼ ਉਪਰ ਬੱਲ ਦਿੱਤਾ ਹੈ ਕਿ ਇਹ ਸੰਸਾਰ ਨਾਸ਼ਵਾਨ ਹੈ ਅਤੇ ਇਸ ਵਿਚ ਕੋਈ ਵੀ ਮਨੁੱਖ ਸਦਾ ਲਈ ਨਹੀਂ ਰਹਿ ਸਕਦਾ। ਹਰ ਇਕ ਜੀਵ ਨੇ ਇਕ ਦਿਨ ਇਹ ਸੰਸਾਰ ਛੱਡ ਕੇ ਚਲੇ ਜਾਣਾ ਹੈ। ਗੁਰੂ ਜੀ ਦੇ ਉਚਾਰੇ 'ਸ਼ਬਦ' ਅਤੇ 'ਸਲੋਕ' ਅਤਿ ਡੂੰਘੇ ਵੈਰਾਗ ਨਾਲ ਭਰੇ ਹੋਏ ਹਨ। ਮਨਿੰਆ ਜਾਂਦਾ ਹੈ ਕਿ ਗੁਰੂ ਜੀ ਨੇ ਔਰੰਗਜ਼ੇਬ ਦੇ ਬੰਦੀਖਾਨੇ ਵਿੱਚ ਗ੍ਰਿਫਤਾਰੀ ਦੋਰਾਣ 'ਸਲੋਕ' ਉਚਾਰਨ ਕੀਤੇ ਸਨ। ਗੁਰੂ ਤੇਗ ਬਹਾਦਰ ਜੀ ਦੇ ਇਨ੍ਹਾਂ ਸਲੋਕਾਂ ਦਾ ਮੂਲ ਵਿਸ਼ਾ ਮਨੁੱਖ ਨੂੰ ਦੁਨਿਆਵੀ ਖਿੱਚਾਂ ਤੋਂ ਤੋਂ ਦੂਰ ਹਟਾ ਕੇ ਪ੍ਰਭੂ ਦੀ ਸ਼ਰਣ ਚ ਲਿਜਾਣਾ ਹੈ।

ਗੁਰਮਤਿ ਆਸ਼ੇ ਅਨੁਸਾਰ ਪ੍ਰਭੂ ਦੀ ਸ਼ਰਣ ਵਿਚ ਜਾਣ ਦੀ ਮੂਲ ਬੁਨਿਆਦ ਪ੍ਰਮਾਤਮਾ ਦਾ ਨਾਮ ਸਿਮਰਨ ਅਤੇ ਉਸ ਦੀ ਰਜ਼ਾ ਵਿਚ ਰਾਜੀ ਰਹਿਣਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਰਚੀ ਬਾਣੀ ਗੁਰਮਤਿ ਮਰਿਆਦਾ ਦੇ ਇਸ ਮੂਲ ਬੁਨਿਆਦ ਦਾ ਵਿਖਿਆਨ ਕਰਦੀ ਹੈ। ਗੁਰੂ ਜੀ ਦੀ ਬਾਣੀ ਵਿਚ ਵੈਰਾਗ ਅਤੇ ਭਗਤੀ ਦੀ ਸੁਮੇਲਤਾ ਦੇ ਅੰਸ਼ ਹਨ। ਆਪ ਜੀ ਦੀ ਬਾਣੀ ਦੂਸਰੇ ਗੁਰੂ ਸਾਹਿਬਾਨਾਂ ਦੀ ਬਾਣੀ ਨਾਲੋਂ ਵਧੇਰੇ ਵੈਰਾਗਮਈ ਹੈ। ਵੈਰਾਗ ਤੋਂ ਭਾਵ ਹੈ, ਸੰਸਾਰ ਪ੍ਰਤੀ ਮੋਹ ਦਾ ਤਿਆਗ ਕਰਕ ਪਰਮਾਤਮਾ ਨਾਲ ਪ੍ਰੀਤ ਪਾਉਣਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰਮਤਿ-ਚਿੰਤਨ ਵਿਚ ਵੈਰਾਗ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ। ਵੈਰਾਗ ਤੋਂ ਭਾਵ ਸੰਸਾਰ ਨੂੰ ਤਿਆਗਣ ਅਤੇ ਜੀਵਨ ਤੋਂ ਭੱਜਣਾ ਨਹੀਂ ਹੈ। ਗੁਰੂ ਜੀ ਮਨੁੱਖ ਨੂੰ ਭਾਂਜਵਾਦੀ ਨਹੀਂ ਬਨਾਉਣਾ ਚਾਹੁੰਦੇ, ਸਗੋਂ ਜੀਵਨ ਵਿਚੋਂ ਬਹੁਤ ਕੁਝ ਪ੍ਰਾਪਤ ਕਰਨ ਦੀ ਸਿੱਖਿਆ ਦਿੰਦੇ ਹਨ। ਗੁਰੂ ਜੀ ਮਨੁੱਖ ਨੂੰ ਸੰਸਾਰ ਤਿਆਗਣ ਲਈ ਬਿਲਕੁਲ ਨਹੀਂ ਕਹਿੰਦੇ ਬਲਕਿ ਸੰਸਾਰ ਵਿਚ ਰਹਿ ਕੇ ਇਸ ਦੀਆਂ ਸਮੱਸਿਆਵਾਂ ਨਾਲ ਜੂਝਣ ਦਾ ਸੁਨੇਹਾ ਦਿੰਦੇ ਹਨ।

ਮਨ ਅੰਦਰ ਵੈਰਾਗ ਦੀ ਉਤਪਤੀ ਅਧਿਆਤਮਕ ਵਿਕਾਸ ਲਈ ਜਰੂਰੀ ਮੰਨੀ ਜਾਂਦੀ ਹੈ। ਗੁਰਮਤਿ ਅਨੁਸਾਰ ਵੈਰਾਗ ਤੋਂ ਭਾਵ ਮਨੁੱਖ ਨੂੰ ਗ੍ਰਹਿਸਤੀ ਜੀਵਨ ਵਿੱਚ ਰਹਿੰਦਿਆਂ ਹੀ ਸੰਸਾਰਕ ਲਾਲਸਾਵਾਂ ਤੋਂ ਮਨ ਨੂੰ ਨਿਰਲੇਪ ਰੱਖਣਾ ਹੈ। ਜੀਵਨ ਵਿਵਹਾਰ ਵਿੱਚ ਭਾਗ ਲੈਂਦਿਆਂ ਪਦਾਰਥਕ ਖਿੱਚਾਂ ਪ੍ਰਤੀ ਉਦਾਸ ਹੋਣਾ ਹੀ ਅਸਲੀ ਵੈਰਾਗ ਹੈ। ਜਦੋਂ ਸੰਸਾਰ ਦੀ ਅਸਥਿਰਤਾ ਅਤੇ ਜੀਵਨ ਵਿਚਲੇ ਦੁੱਖਾਂ ਨੂੰ ਦੇਖ ਕੇ ਮਨ ਵਿੱਚ ਉਪਰਾਮਤਾ ਪੈਦਾ ਹੋ ਜਾਵੇ ਤਾਂ ਮਨ ਵਿਚ ਵੈਰਾਗ ਪੈਦਾ ਹੋ ਜਾਂਦਾ ਹੈ, ਫਿਰ ਮਨੁੱਖ ਪ੍ਰਮਾਤਮਾ ਦੀ ਓਟ ਲੈ ਕੇ ਉਸ ਦੀ ਸ਼ਰਨ ਵਿਚ ਚਲਿਆ ਜਾਂਦਾ ਹੈ।ਇਸ ਤਰਾਂ 'ਵੈਰਾਗ' ਪ੍ਰਭੂ ਨਾਲ ਮਿਲਾਪ ਦੀ ਪਹਿਲੀ ਪਉੜੀ ਹੈ। ਸ੍ਰੀ ਗੁਰੂ ਤੇਗ ਬਹਾਦਰ ਦੀ ਦੇ ਸਲੋਕਾਂ ਵਿੱਚ ਵੀ ਵੈਰਾਗ ਦਾ ਜਿਕਰ ਮਿਲਦਾ ਹੈ। ਗੁਰੂ ਜੀ ਹੇਠ ਲਿਖੇ ਸਲੋਕ ਵਿਚ ਵੈਰਾਗ ਦੀ ਅਵਸਥਾ ਨੂੰ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਆਪਣੇ ਜੀਵਨ ਦੇ ਵਿੱਚੋਂ ਸਾਰੇ ਹੀ ਦੁਨਿਆਵੀ ਵਿਕਾਰਾਂ ਨੂੰ ਤਿਆਗ ਕੇ ਵੈਰਾਗ ਧਾਰਨ ਕਰ ਲਿਆ ਹੈ, ਭਾਵ ਕੀ ਪ੍ਰਭੂ ਭਗਤੀ ਨਾਲ ਜੋੜ ਲਿਆ ਹੈ ਤਾਂ ਉਸ ਦੇ ਭਾਗ ਖੁੱਲ ਜਾਂਦੇ ਹਨ, ਭਾਵ ਉਹ ਮਨੁੱਖ ਹੀ ਪਰਮਾਤਮਾ ਨੂੰ ਪਾ ਸਕਦਾ ਹੈ। ਜਿਵੇਂ: -

*ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥*
*ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਪ੍ਰਸਤੁਤ ਵੈਰਾਗ ਦਾ ਭਾਵ ਮਨੁੱਖ ਨੂੰ ਉਸ ਦੇ ਅਧਿਆਤਮਕ ਵਿਕਾਸ ਲਈ ਵਿਕਾਰਾਂ ਤੇ ਫਤਹਿ ਕਰਨ ਦਾ ਰਸਤਾ ਹੈ। ਗੁਰੂ ਜੀ ਮਨੁੱਖੀ ਜੀਵਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਪੂਰਤੀ ਅਤੇ ਪ੍ਰਾਪਤੀ ਨੂੰ ਹੀ ਜੀਵਨ ਲਕਸ਼ ਬਣਾ ਲੈਣ ਵਾਲੇ ਵਿਅਕਤੀ ਨੂੰ ਮਨਮੁੱਖ ਕਹਿੰਦੇ ਹਨ। ਗੁਰੂ ਜੀ ਮਨੁੱਖ ਨੂੰ ਗ੍ਰਹਿਸਥੀ ਜੀਵਨ ਵਿਚ ਰਹਿੰਦਿਆਂ ਹੋਇਆ ਆਪਣੇ ਮਨ ਅੰਦਰ ਵੈਰਾਗ ਦੀ ਭਾਵਨਾ ਪੈਦਾ ਕਰ ਕੇ ਗੁਰਮੁੱਖ ਬਨਣ ਦੀ ਜਾਚ ਸਿਖਾਉਂਦੇ ਹਨ। ਗੁਰੂ ਜੀ ਮਨੁੱਖ ਨੂੰ ਦੁਨਿਆਵੀ, ਪਦਾਰਥਕ ਸੁਖਾਂ, ਰਿਸ਼ਤਿਆਂ, ਪ੍ਰਾਪਤੀਆਂ, ਮਾਇਆ, ਹਉਮੈ ਰੂਪੀ ਨਿੱਜ, ਲੋਭ, ਮੋਹ ਆਦਿ ਉੱਪਰ ਫਤਹਿ ਹਾਸਲ ਕਰਨ ਦੀ ਪ੍ਰੇਰਨਾ ਦਿੰਦੇ ਹਨ। ਜਿਵੇਂ: -

*ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥*
*ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥੧੯॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1427)*
*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥*
*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1427)*

ਗੁਰੂ ਤੇਗ ਬਹਾਦਰ ਜੀ ਦੇ ਵੈਰਾਗਮਈ ਸਿਧਾਂਤ ਬਾਰੇ ਪ੍ਰੋ. ਕਿਸ਼ਨ ਸਿੰਘ ਜੀ ਲਿਖਦੇ ਹਨ:- *"ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਵੈਰਾਗਮਈ ਹੈ। ਆਪ ਨੇ ਉਤਮ ਵੈਰਾਗ ਪ੍ਰਾਪਤ ਕੀਤਾ। ਉਨ੍ਹਾਂ ਦੇ ਵੈਰਾਗ ਵਿਚ ਦੁਖੀਆਂ ਲਈ ਦਰਦ, ਸੰਸਾਰ ਲਈ ਪਿਆਰ, ਧਰਮ ਲਈ ਆਪਾ ਵਾਰਨ ਦੀ ਤੀਬਰ ਇੱਛਾ, ਕੰਮ ਕਰਨ ਲਈ ਉਤਸ਼ਾਹ, ਸਵੈਮਾਣ ਦਾ ਜੀਵਨ ਗੁਜਾਰਨ ਦੀ ਪ੍ਰਬਲ ਤਾਂਘ ਤੇ ਆਦਰ ਦੀ ਪ੍ਰਾਪਤੀ ਲਈ ਦ੍ਰਿੜ੍ਹ ਵਿਸ਼ਵਾਸ ਮਿਲਦਾ ਹੈ" (ਸਰੋਤ- ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੇਜ ਨੰਬਰ-183)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਗੁਰਮਤਿ ਆਸ਼ੇ ਭਰਪੂਰ ਪ੍ਰਮਾਤਮਾ ਭਗਤੀ ਦੇ ਉੱਚਤਮ ਨਮੂਨੇ ਦੇਖਣ ਨੂੰ ਮਿਲਦੇ ਹਨ।'ਸਲੋਕ ਮਹਲਾ ੯' ਦੇ ਸਿਰਲੇਖ ਹੇਠ ਪਹਿਲੇ ਸਲੋਕ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਮਾਤਮਾ ਦੀ ਬੰਦਗੀ ਤੋਂ ਸੱਖਣੇ ਮਨੁੱਖੀ ਜੀਵਨ ਨੂੰ ਵਿਅਰਥ ਦੱਸਦੇ ਹਨ। ਗੁਰੂ ਜੀ ਅਨੁਸਾਰ ਮਨੁੱਖ ਦੇ ਜੀਵਨ ਦਾ ਸਰਵਸ਼੍ਰੇਸ਼ਟ ਕਰਤੱਵ ਪ੍ਰਭੂ ਪ੍ਰੇਮ ਹੈ। ਇਸ ਲਈ ਇਸ ਫਰਜ ਪ੍ਰਤੀ ਮਨੁੱਖ ਨੂੰ ਕਿਸੇ ਵੀ ਹਾਲਤ ਵਿਚ ਅਵੇਸਲਾ ਨਹੀਂ ਹੋਣਾ ਚਾਹੀਦਾ। ਮਨੁੱਖ ਦਾ ਪਰਮਾਤਮਾ ਨਾਲ ਰਿਸ਼ਤਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਵੇਂ ਮੱਛਲੀ ਦਾ ਪਾਣੀ ਨਾਲ ਰਿਸ਼ਤਾ ਹੁੰਦਾ ਹੈ। ਜਿਵੇਂ: -

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥*
*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1426)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਵਿਚ ਮਨੁੱਖ ਦੀ ਤੁਛਤਾ, ਸੰਸਾਰ ਦੀ ਅਸਥਿਰਤਾ, ਨਾਸ਼ਵਾਨਤਾ ਆਦਿ ਨੂੰ ਪ੍ਰਗਟ ਕਰਦਿਆਂ ਮਨੁੱਖੀ ਮਨ ਨੂੰ ਇਸ ਸਭ ਕੁਝ ਤੋਂ ਨਿਰਲੇਪ ਹੋ ਕੇ ਜੀਵਨ ਜੀਉਣ ਦੀ ਕਲਾ ਦਸਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਵੈਰਾਗ ਦਾ ਬੁਨਿਆਦੀ ਨੁਕਤਾ ਸੰਸਾਰ ਦੀ ਨਾਸ਼ਮਾਨਤਾ ਹੈ,ਭਾਵ ਇਸ ਸੰਸਾਰ ਵਿਚ ਜੋ ਵੀ ਬਣਿਆ ਜਾਂ ਜੋ ਵੀ ਪੈਦਾ ਹੋਇਆ ਹੈ, ਉਸ ਨੇ ਇਕ ਨਾ ਇਕ ਦਿਨ ਅਵਸ਼ ਖਤਮ ਹੋ ਹੀ ਜਾਣਾ ਹੈ। ਸੰਸਾਰ ਵਿੱਚਲੀਆ ਵਸਤਾਂ/ਪਦਾਰਥ ਸਭ ਨਾਸ਼ਮਾਨ ਹਨ।ਇਸ ਜਗਤ ਅੰਦਰ ਕੋਈ ਵੀ ਪਦਾਰਥ ਪੱਕੇ ਤੌਰ ਤੇ ਸਥਿਰ ਨਹੀਂ ਹੈ।ਗੁਰੂ ਜੀ ਆਪਣੇ ਸਲੋਕਾਂ ਵਿਚ ਅਨੇਕਾਂ ਉਦਾਹਰਨਾਂ ਨਾਲ ਸੰਸਾਰ ਦੀ ਛਿਣਭੁੰਗਰਤਾ ਨੂੰ ਦਰਸ਼ਾਉਂਦੇ ਹਨ, ਜਿਵੇਂ: ਇਹ ਜਗਤ ਸਦੀਵੀ ਨਾ ਹੋ ਕੇ ਸੁਪਨੇ ਵਾਂਗ ਹੈ ਭਾਵ ਨਾਸ਼ਵਾਨ ਹੈ। ਇਹ ਸੰਸਾਰ ਪਾਣੀ ਦੇ ਬੁਲਬੁਲੇ ਵਾਂਗ ਹੈ,ਜਿਵੇਂ ਪਾਣੀ ਦਾ ਬੁਲਬੁਲਾ ਪੈਦਾ ਹੁੰਦਾ ਹੈ ਅਤੇ ਨਾਸ਼ ਹੁੰਦਾ ਰਹਿੰਦਾ ਹੈ,ਤਿਵੇਂ ਹੀ ਪਰਮਾਤਮਾ ਨੇ ਇਹ ਸੰਸਾਰਿਕ ਖੇਡ ਬਣਾਈ ਹੈ।ਇਹ ਸੰਸਾਰ ਝੂਠਾ ਅਤੇ ਰੇਤ ਦੀ ਕੰਧ ਦੀ ਤਰ੍ਹਾਂ ਅਸਥਿਰ ਹੈ।ਗੁਰੂ ਜੀ ਦਸਦੇ ਹਨ ਕਿ ਕੇਵਲ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਕੁਝ ਵੀ ਸੱਚਾ ਨਹੀਂ ਹੈ, ਇਸ ਲਈ ਮਨੁੱਖੀ ਜੀਵਨ ਨੂੰ ਪ੍ਰਭੂ ਭਗਤੀ ਅਤੇ ਨਾਮ ਸਿਮਰਨ ਵਿਚ ਲਾਉਣਾ ਚਾਹੀਦਾ ਹੈ।ਜਿਵੇਂ: -

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*
*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*
*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥*
*ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1429)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਣੀ ਵਿਚ ਮਨੁੱਖੀ ਜੀਵਨ ਦੀ ਮੌਤ ਬਾਰੇ ਬੜਾ ਚਿੰਤਨ ਕੀਤਾ ਹੈ। ਗੁਰੂ ਜੀ ਦਸਦੇ ਹਨ ਕਿ ਜਿਸ ਮਨੁੱਖ ਨੇ ਇਸ ਦੁਨੀਆ ਵਿਚ ਜਨਮ ਲਿਆ ਹੈ, ਉਹ ਇਸ ਸੰਸਾਰ ਵਿਚ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ,ਉਸ ਦੀ ਮੌਤ ਅੱਟਲ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਇਸ ਸੰਸਾਰ ਦੀ ਨਾਸ਼ਵਾਨਤਾ ਦਾ ਅਹਿਸਾਸ ਕਰਵਾ ਕੇ ਨਿਰਾਸ਼ਾਵਾਦੀ ਮਨੁੱਖ ਨਹੀਂ ਬਣਾਉਂਦੇ, ਸਗੋਂ ਇਸ ਅਟੱਲ ਸਚਾਈ ਦੇ ਅਨੁਭਵ ਵਿਚੋਂ ਨਿਕਲ ਰਹੇ ਮਨੁੱਖ ਨੂੰ ਆਸ਼ਾਵਾਦੀ ਰਹਿਣ ਦੀ ਸਿੱਖਿਆ ਦਿੰਦੇ ਹਨ ਅਤੇ ਨਿਰਾਸਤਾ ਅਤੇ ਉਦਾਸੀ ਭਰੇ ਜੀਵਨ ਤੋਂ ਬਾਹਰ ਆਉਣ ਲਈ ਪ੍ਰੇਰਿਤ ਕਰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੌਤ ਵਾਰੇ ਵਾਰ-ਵਾਰ ਅਹਿਸਾਸ ਕਰਾਉਣ ਦਾ ਉਦੇਸ਼ ਸੰਸਾਰ ਦੀ ਨਾਸ਼ਵਾਨਤਾ ਬਾਰੇ ਯਾਦ ਕਰਵਾਉਂਦਿਆਂ ਮਨੁੱਖ ਨੂੰ ਪ੍ਰਭੂ ਸਿਮਰਨ ਵਲ ਲਾਉਣਾ ਹੈ ਅਤੇ ਮਨੁੱਖ ਨੂੰ ਮੌਤ ਦੇ ਡਰ ਤੋਂ ਮੁਕਤ ਹੋਣ ਦਾ ਸੰਦੇਸ਼ ਦੇਣਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਸਲੋਕਾਂ ਵਿਚ ਮੌਤ ਦੇ ਤਿੰਨ ਗੁਣ ਦਸਦੇ ਹਨ: ਪਹਿਲਾ-ਮੌਤ ਅਚਾਨਕ ਬਿਨਾਂ ਚਿਤਾਵਨੀ ਦਿੱਤੇ ਹੀ ਆਉਂਦੀ ਹੈ, ਦੂਜਾ- ਮੌਤ ਦੇ ਆਉਣ ਦਾ ਸਮਾਂ ਨਿਸ਼ਚਿਤ ਹੈ ਅਤੇ ਤੀਜਾ- ਮੌਤ ਤੋਂ ਕਿਸੇ ਵੀ ਹੀਲੇ ਬਚ ਸਕਣਾ ਅਸੰਭਵ ਹੈ, ਚਾਹੇ ਕੋਈ ਰਾਜਾ, ਮਹਾਰਾਜਾ, ਸੂਰਬੀਰ ਜਾਂ ਭਗਤ ਹੀ ਕਿਉਂ ਨਾ ਹੋਵੇ। ਜਿਵੇਂ: -

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*
*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*
*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*

ਪ੍ਰਸਿਧ ਵਿਦਵਾਨ ਦਲੀਪ ਸਿੰਘ ਦੀਪ ਜੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਨਾਸ਼ਵਾਨਤਾ ਦੇ ਸਿਧਾਂਤ ਬਾਰੇ ਲਿਖਦੇ ਹਨ: *"ਅਜੋਕੇ ਪ੍ਰਸੰਗ ਵਿਚ ਇਹ ਨਾਸ਼ਮਾਨਤਾ ਦੀ ਸੋਝੀ ਕਰਾਉਂਦੀ ਬਾਣੀ ਮਨੁੱਖ ਨੂੰ ਭਟਕਣਾਂ ਅਤੇ ਅਸ਼ਾਂਤੀ ਦਾ ਮਾਰਗ ਛੱਡ ਕੇ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਕੇ ਸੰਤੁਸ਼ਟੀ ਦੀ ਭਾਲ ਵੱਲ ਪ੍ਰੇਰਦੀ ਹੈ" (ਸਰੋਤ- ਦਲੀਪ ਸਿੰਘ ਦੀਪ, ਗੁਰੂ ਤੇਗ ਬਹਾਦਰ ਜੀਵਨ ਤੇ ਦਰਸਨ, ਪੇਜ ਨੰਬਰ-68)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਆਪਣੀਆਂ ਸੀਮਤ ਸੋਚਾਂ ਤੇ ਚਿਤਵਨੀਆਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿੰਦੇ ਹਨ।ਕਿਉਂਕਿ ਮਨ ਵਿਚ ਸੋਚਾਂ ਤੇ ਚਿਤਵਨੀਆਂ ਦੀ ਉਪਜ ਮਨੁੱਖ ਨੂੰ ਜੰਜਾਲਾਂ ਵਿਚ ਉਲਝਾ ਕੇ ਬਲਹੀਣ ਕਰ ਦਿੰਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਪ੍ਰਭੂ ਸਿਮਰਨ ਦੀ ਥਾਂ ਸੰਸਾਰਿਕ ਪਦਾਰਥ ਹੀ ਮੰਗਦਾ ਰਹਿੰਦਾ ਹੈ, ਪਰ ਪ੍ਰਮਾਤਮਾ ਹੋਰ ਕਿਸੇ ਰਜ਼ਾ ਵਿਚ ਖੁਸ਼ ਹੁੰਦਾ ਹੈ। ਮਨੁੱਖ ਮਨ ਵਿਚ ਦੂਸਰਿਆਂ ਨੂੰ ਠੱਗਣ ਦੀਆਂ ਸੋਚਾਂ ਸੋਚਦਾ ਹੈ, ਪਰ ਉਤੋਂ ਮੌਤ ਦੀ ਫਾਹੀ ਗਲ ਵਿਚ ਆ ਪੈਂਦੀ ਹੈ। ਜਿਵੇਂ:-

*ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥*
*ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1428)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਨੂੰ ਤਿੰਨ ਅਵਸਥਾਵਾਂ- ਬਚਪਨ, ਜਵਾਨੀ ਅਤੇ ਬੁਢਾਪੇ ਵਿਚ ਵੰਡ ਕੇ ਇਨ੍ਹਾਂ ਤਿੰਨਾਂ ਅਵਸਥਾਵਾਂ ਵਿਚ ਭਗਤੀ ਦੇ ਮਾਰਗ ਤੇ ਚਲਣ ਬਾਰੇ ਕਿਹਾ ਹੈ। ਪਰ ਮਨੁੱਖ ਇਨ੍ਹਾਂ ਤਿੰਨਾਂ ਅਵਸਥਾਵਾਂ ਵਿਚ ਨਾਮ ਸਿਮਰਨ ਨਹੀਂ ਕਰਦਾ, ਸਗੋਂ ਮਨੁੱਖ ਦਾ ਬਚਪਨ ਅਗਿਆਨਤਾਵਸ਼ ਖੇਡਣ ਕੁੱਦਣ ਵਿੱਚ ਨਸ਼ਟ ਹੋ ਜਾਂਦਾ ਹੈ, ਜਵਾਨੀ ਕਾਰੋ-ਵਿਹਾਰ ਅਤੇ ਵਿਸ਼ਿਆ ਵਿਕਾਰਾਂ ਵਿੱਚ ਫਸਿਆ ਹੀ ਗੁਜ਼ਰ ਜਾਂਦੀ ਹੈ ਅਤੇ ਅਤੇ ਬੁਢਾਪੇ ਦੀ ਅਵਸਥਾ ਵਿਚ

ਵੀ ਮਨੁੱਖ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ। ਗੁਰੂ ਜੀ ਕਹਿੰਦੇ ਹਨ ਕਿ ਜੀਵਨ ਵਿਚਲੀਆਂ ਇਹ ਤਿੰਨੇ ਅਵਸਥਾਵਾਂ,ਪਰਮਾਤਮਾ ਦੀ ਬੰਦਗੀ ਤੋਂ ਬਿਨਾਂ ਵਿਅਰਥ ਹਨ।ਸੋ ਮਨੁੱਖ ਨੂੰ ਆਪਣੇ ਜੀਵਨ ਦੀ ਹਰ ਅਵਸਥਾ ਭਾਵ ਹਰ ਸਮੇਂ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ। ਜਿਵੇਂ: -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*

*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥੩੫॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1428)*

ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਰਿਸ਼ਤੇਦਾਰ, ਸੰਬੰਧੀ, ਦੋਸਤ ਆਦਿ ਦਾ ਸਾਥ ਸਦੀਵੀ ਨਹੀਂ ਰਹਿੰਦਾ। ਇਨ੍ਹਾਂ ਦੇ ਸਾਥ ਦਾ ਕਾਰਨ ਕੇਵਲ ਨਿੱਜੀ ਸੁਖ ਹੈ।ਜਦੋਂ ਮਨੁੱਖ ਇਹ ਸੁਖ ਦੇਣ ਦੀ ਸਮਰੱਥਾ ਨਹੀ ਰਖਦਾ ਹੈ ਤਾਂ ਇਹ ਸਾਰੇ ਮਨੁੱਖ ਦਾ ਸਾਥ ਛੱਡ ਦਿੰਦੇ ਹਨ। ਜਿਵੇਂ: -

*ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥*

*ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1428)*

*ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ॥*

ਨਾਨਕ ਥਿਰੁ ਹਰਿ *ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਆਪਣੀ ਬਾਣੀ ਵਿਚ ਗੁਰਮਤਿ ਆਸ਼ੇ ਅਨੁਸਾਰ 'ਬ੍ਰਹਮ' ਪਰਮ-ਸੱਤਾ ਨੂੰ ਹੀ ਇਕ ਸਦੀਵੀ ਅਤੇ ਚਿਰੰਜੀਵ ਸਚਾਈ ਵਜੋਂ ਪੇਸ਼ ਕੀਤਾ ਹੈ।ਗੁਰੂ ਜੀ ਨੇ ਇਸ ਪਰਮ-ਸੱਤਾ ਨੂੰ ਸਰਬ ਸ਼ਕਤੀਮਾਨ ਅਤੇ ਸਰਬਵਿਆਪਕ ਪ੍ਰਮਾਤਮਾ ਕਿਹਾ ਹੈ। ਗੁਰੂ ਜੀ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਸੰਸਾਰ ਵਿਚ ਇਹ ਤਨ, ਧਨ, ਸੰਪਤੀਆਂ, ਵਪਾਰ, ਸੁਖ ਸਹੂਲਤਾਂ ਜੋ ਵੀ ਉਪਲਬਧ ਹਨ,ਉਹ ਉਸ ਸਰਬਵਿਆਪਕ ਪ੍ਰਮਾਤਮਾ ਦੀ ਦੇਣ ਹੈ। ਗੁਰੂ ਜੀ ਨੇ ਮਨੁੱਖ ਨੂੰ ਮੌਤ ਦੇ ਡਰ ਤੋਂ ਭੈ ਮੁਕਤ ਹੋਣ ਅਤੇ ਹਰ ਤਰ੍ਹਾਂ ਦੇ ਤੌਖਲਿਆਂ ਤੋਂ ਮੁਕਤ ਹੋ ਕੇ ਪਰਮਾਤਮਾ ਦੀ ਹਸਤੀ ਅਤੇ ਹੁਕਮ ਵਿਚ ਰਹਿੰਦਿਆਂ ਆਪਣੇ ਲਕਸ਼ ਦੀ ਪ੍ਰਾਪਤੀ ਵੱਲ ਨਿਰੰਤਰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਹੀ ਜਗਤ ਵਿਚ ਬਲ ਦਾ ਸਰੋਤ ਹੈ,ਇਸ ਬਲ ਦੇ ਬਰਾਬਰ ਹੋਰ ਕੁਝ ਨਹੀਂ ਹੈ।ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਸੱਭ ਸੰਕਟਾਂ ਦਾ ਨਿਵਾਰਣ ਹੁੰਦਾ ਹੈ ਤੇ ਪ੍ਰਤੱਖ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਜਿਵੇਂ: -

*ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥*

*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥੫੭॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਨਿਰਭੈਅ ਪਦ ਦੀ ਅਵਸਥਾ ਨੂੰ ਉੱਚਤਮ ਅਵਸਥਾ ਦਸਿਆ ਹੈ।ਇਸ ਅਵਸਥਾ ਤੇ ਪਹੁੰਚਿਆ ਮਨੁੱਖ ਹਰ ਤਰ੍ਹਾਂ ਦੇ ਸਵਾਰਥ ਅਤੇ ਲੋਭ ਤੋਂ ਮੁਕਤ ਹੋ ਜਾਂਦਾ ਹੈ।ਜਦੋਂ ਮਨੁੱਖ ਨਿਰਭੈਅ ਪਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ, ਫਿਰ ਉਹ ਨਾ ਕਿਸੇ ਭੈਅ ਨੂੰ ਮੰਨਦਾ ਹੈ ਅਤੇ ਨਾ ਹੀ ਕਿਸੇ ਲਈ ਭੈਅ ਸਿਰਜਦਾ ਹੈ। ਗੁਰਮਤਿ ਆਸ਼ਿਆਂ ਮੁਤਾਬਿਕ ਗੁਰੂ ਜੀ ਦੁਆਰਾ ਸਿਰਜੇ ਨਿਰਭੈਅ ਪਦ ਦੀ ਅਵਸਥਾ ਪ੍ਰਾਪਤ ਮਨੁੱਖ ਨੂੰ ਮਹਾਂ-ਮਾਨਵ ਕਿਹਾ ਜਾ ਸਕਦਾ ਹੈ। ਅਜਿਹੇ ਮਾਨਵ ਦੀ ਸਿਰਜਨਾ ਪਿੱਛੇ ਗੁਰੂ ਜੀ ਦੀ ਸੋਚ ਕਾਰਜਸ਼ੀਲ ਪ੍ਰਤੀਤ ਹੁੰਦੀ ਹੈ ਕਿ ਕਿਸੇ ਨੂੰ ਡਰਾਉਣਾ ਆਪਣੀ ਸ਼ਕਤੀ ਦਾ ਨਜਾਇਜ ਪ੍ਰਯੋਗ ਅਤੇ ਧੱਕੇ ਦੀ ਨਿਸ਼ਾਨੀ ਹੁੰਦੀ ਹੈ ਅਤੇ ਇਸ ਦੇ ਉਲਟ ਕਿਸੇ ਦਾ ਡਰ ਮੰਨਣਾ ਆਪਣੀ ਕਮਜ਼ੋਰੀ, ਕਾਇਰਤਾ ਅਤੇ ਢਹਿੰਦੀ ਕਲਾ ਦਾ ਪ੍ਰਤੀਕ ਹੁੰਦਾ ਹੈ। ਜਿਵੇਂ: -

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1427)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖਤਾ ਦੇ ਸਾਹਮਣੇ ਇਕ ਨਵੇਂ ਮਨੁੱਖ ਦੀ ਸਿਰਜਨਾ ਦਾ ਆਦਰਸ਼ ਰੱਖਿਆ ਹੈ, ਜਿਹੜਾ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ, ਆਸ਼ਾਵਾਦੀ, ਨਿਧੜਕ, ਨਿਡਰ, ਸੂਰਬੀਰ ਮਨੁੱਖ ਹੈ। ਅਜਿਹਾ ਮਨੁੱਖ ਹਮੇਸ਼ਾ ਪਰਮਾਤਮਾ ਦੇ ਭਾਣੇ ਵਿਚ ਸਤੁੰਸ਼ਟ ਰਹਿੰਦਾ ਹੈ। ਗੁਰੂ ਜੀ ਮਨੁੱਖ ਨੂੰ ਕਿਸੇ ਤਰ੍ਹਾਂ ਦੇ ਡਰ ਅਧੀਨ ਭਾਵ ਬਲਹੀਣ ਹੋਇਆ ਨਹੀਂ ਦੇਖਣਾ ਚਾਹੁੰਦੇ।ਜਿਸ ਨਿਰਭੈਅਤਾ ਦਾ ਚਿਤਰਣ ਗੁਰੂ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ, ਉਹ ਨਿਰਭੈਅਤਾ ਆਪ ਨੇ ਆਪਣੀ ਅਦੁੱਤੀ ਸ਼ਹਾਦਤ ਸਮੇਂ ਵਿਖਾਈ ਵੀ ਹੈ। ਸਮੁੱਚੀ ਹਿੰਦੂ ਕੌਮ ਦੀ ਰੱਖਿਆ ਦਾ ਜਿੰਮਾ ਆਪਣੇ ਸਿਰ ਲੈ ਲੈਣਾ, ਕੋਈ ਛੋਟੀ ਸੂਰਮਗਤੀ ਜਾਂ ਬਹਾਦਰੀ ਦਾ ਕੰਮ ਨਹੀਂ ਹੈ। ਗੁਰੂ ਜੀ ਨਾਮ ਸਿਮਰਨ ਰਾਹੀਂ ਬੰਧਨ ਮੁਕਤ ਹੋ ਕੇ ਮਨੁੱਖ ਨੂੰ ਬਲਸ਼ਾਲੀ ਹੋਣ ਦੀ ਜੁਗਤੀ ਦਸਦੇ ਹਨ। ਜਿਵੇਂ: -

*ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥*

*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥*

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*

*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1429)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਸਦਾਚਾਰਕ ਅਤੇ ਨੈਤਿਕ ਪੱਖ ਤੋਂ ਜੀਵਨ ਨੂੰ ਉੱਚਾ ਚੁੱਕਣ ਦੀ ਸਿੱਖਿਆ ਦਿੰਦੇ ਹਨ। ਗੁਰੂ ਜੀ ਅਨੁਸਾਰ ਪਰਾਈ ਇਸਤਰੀ ਵੱਲ ਝੁਕਾਅ ਅਤੇ ਦੂਸਰਿਆਂ ਦੀ ਨਿੰਦਾ ਵੱਲ ਝੁਕਾਅ ਰੱਖਣ ਵਾਲਾ ਮਨੁੱਖ ਆਪਣੀਆਂ ਇਹਨਾਂ ਬੁਰੀਆਂ ਆਦਤਾਂ ਕਾਰਣ ਆਪਣੇ ਜੀਵਨ ਨੂੰ ਲਕਸ਼ ਤੋਂ ਪਰੇ ਲਿਜਾ ਕੇ ਗਵਾ ਲੈਂਦਾ ਹੈ। ਗੁਰੂ ਜੀ ਮਨੁੱਖ ਨੂੰ ਲੋਭ, ਲਾਲਚ, ਪਰ ਨਿੰਦਿਆ ਅਤੇ ਬੁਰੀ ਸੰਗਤ ਤੋਂ ਬਚਣ ਦਾ ਸਭ ਤੋਂ ਉੱਤਮ ਉਪਾਅ ਪ੍ਰਭੂ ਦਾ ਨਾਮ ਸਿਮਰਨ ਕਰਨਾ ਦੱਸਦੇ ਹਨ। ਪ੍ਰਭੂ ਦਾ ਨਾਮ ਸਿਮਰਨ ਕਰਨ ਵਾਲਾ ਮਨੁੱਖ ਖੁਦ ਤਾਂ ਭਵਜਲ ਤਰਦਾ ਹੀ ਹੈ, ਸਗੋਂ ਹੋਰਾਂ ਨੂੰ ਵੀ ਤਾਰ ਦੇਂਦਾ ਹੈ। ਜਿਵੇਂ: -

*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥*

*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮੁੱਚੀ ਰਚਨਾ ਦੀ ਵਿਲੱਖਣਤਾ ਇਹ ਹੈ ਕਿ ਇਹ ਉਨ੍ਹਾਂ ਦੀ ਕਥਨੀ ਅਤੇ ਕਰਨੀ ਦੇ ਸੁਮੇਲ ਵਿਚੋਂ ਪੈਦਾ ਹੋਈ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਮਨੁੱਖੀ ਜੀਵਨ ਲਈ ਇਕ ਆਦਰਸ਼ ਵਿਅਕਤੀ ਦੇ ਜੀਵਨ ਚਿੱਤਰ ਨੂੰ ਉਲੀਕਿਆ ਹੈ। ਇਹ ਗੁਰੂ ਜੀ ਦੇ ਜੀਵਨ ਅਨੁਭਵ ਵਿਚੋਂ ਉਗਮਿਆ, ਵਿਗਸਿਆ ਜੀਵਨ ਸੱਚ ਹੈ, ਜੋ ਉਹਨਾਂ ਦੀ ਕਲਾਤਮਿਕਤਾ ਅਤੇ ਖਿਆਲ ਦੀ ਉਡਾਰੀ ਦਾ ਇਕ ਉੱਤਮ ਨਮੂਨਾ ਹੈ। ਗੁਰੂ ਜੀ ਨੇ ਆਪਣੇ ਜੀਵਨ ਵਿਚ ਇਨ੍ਹਾਂ ਸਾਰੇ ਆਦਰਸ਼ਾਂ ਨੂੰ ਹੰਢਾਇਆ ਹੈ। ਜਿਵੇਂ: -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*

*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ ॥*

*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*

*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥*

*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*

*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 633)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਮਨੁੱਖ ਜਿਸ ਸ਼ਰੀਰ ਨੂੰ ਆਪਣਾ ਸਮਝਦਾ ਹੈ ਅਤੇ ਜਿਸ ਦਾ ਉਹ ਮਾਣ ਕਰਦਾ ਹੈ, ਪਰ ਇਹ ਛਿਣ ਵਿੱਚ ਹੀ ਬਿਨਸ ਜਾਂਦਾ ਹੈ ਅਤੇ ਅੰਤ ਸਮੇਂ ਪਰਮਾਤਮਾ ਦੇ ਸਿਮਰਨ ਤੋਂ ਇਲਾਵਾ ਕੁਝ ਵੀ ਨਾਲ ਨਹੀਂ ਜਾਂਦਾ। ਜੋ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਹ ਇਸ ਸੰਸਾਰ ਰੂਪੀ ਖੇਡ ਨੂੰ ਜਿੱਤ ਲੈਂਦਾ ਹੈ ਭਾਵ ਉਸ ਨੂੰ ਇਸ ਸੰਸਾਰ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ।ਜਿਵੇਂ: -

*ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥*

*ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥੪੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1428)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਨੂੰ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਮਾਤਮਾ ਦੇ ਨਾਮ ਦੀ ਭਗਤੀ ਕਰਕੇ ਉਸ ਨਾਲ ਇਕਮਿਕ ਹੋਣ ਦੀ ਨਸੀਹਤ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਹੈ ਕਿ ਪ੍ਰਭੂ ਨਾਮ ਤੋਂ ਬਿਨਾਂ ਸੰਸਾਰ ਵਿਚ ਸਭ ਝੂਠ ਅਤੇ ਕੂੜ ਹੈ। ਰੱਬੀ ਦਰਗਾਹ ਵਿੱਚ ਮਾਇਆ ਸਾਥ ਨਹੀਂ ਜਾਵੇਗੀ ਸਗੋਂ ਪਰਮਾਤਮਾ ਦਾ ਸਿਮਰਨ ਹੀ ਸਹਾਈ ਹੋਵੇਗਾ। ਇਸ ਲਈ ਉਸ ਨੂੰ ਆਪਣੇ ਇਸ ਅਨਮੋਲ ਜੀਵਨ ਨੂੰ ਅਜਾਈਂ ਨਹੀਂ ਗੰਵਾਉਣਾ ਚਾਹੀਦਾ। ਪਰ ਫਿਰ ਵੀ ਮਨੁੱਖ ਦਿਨ ਰਾਤ ਪੈਸਾ ਕਮਾਉਣ ਦੀ ਖਾਤਰ ਡੋਲਦਾ ਭਟਕਦਾ ਰਹਿੰਦਾ ਹੈ। ਕਰੋੜਾਂ ਮਨੁੱਖਾਂ ਵਿੱਚੋ ਕੋਈ ਵਿਰਲਾ ਹੀ ਹੁੰਦਾ ਹੈ, ਜਿਹੜਾ ਪਰਮਾਤਮਾ ਦੇ ਨਾਮ ਅਤੇ ਉਸ ਦੀ ਯਾਦ ਨੂੰ ਹਿਰਦੇ ਵਿੱਚ ਵਸਾਉਂਦਾ ਹੈ। ਇਹ ਮਨੁੱਖੀ ਜਗਤ ਦੀ ਅਟੱਲ ਸਚਾਈ ਹੈ। ਜਿਵੇਂ: -

*ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥*

*ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥*

*ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥੧॥ ਰਹਾਉ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1352)*

*ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥*

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*

*ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥*

*ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਨੂੰ ਭਉ ਨਿਧਿ ਭਾਵ ਸੰਸਿਆਂ ਤੇ ਵਿਕਾਰਾਂ ਨਾਲ ਭਰੇ ਇਸ ਸੰਸਾਰ ਰੂਪੀ ਸਮੁੰਦਰ ਚੋਂ ਪਾਰ ਉਤਰਣ ਦੀ ਜੁਗਤੀ ਅਤੇ ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਵਸਾਉਣ ਲਈ ਪ੍ਰੇਰਿਤ ਕਰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਉੱਚ ਆਤਮਿਕ ਅਵਸਥਾ ਪ੍ਰਾਪਤ ਸੰਤ ਜਨਾਂ ਨੇ ਉੱਚੀ ਆਵਾਜ ਵਿਚ ਸਪਸ਼ਟ ਕਰ ਦਿੱਤਾ ਹੈ ਕਿ ਪ੍ਰਮਾਤਮਾ ਸਰਵ-ਵਿਆਪਕ ਹੈ, ਸੋ ਸਭਨੀਂ ਥਾਈਂ ਵੱਸਣ ਵਾਲੇ ਪ੍ਰਭੂ ਦੀ ਭਜਨ ਬੰਦਗੀ ਨਾਲ ਇਸ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਹੋ ਜਾਈਦਾ ਹੈ। ਜਿਵੇਂ:-

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*

*ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਗੁਰੂ ਦੁਆਰਾ ਦੱਸੇ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ। ਗੁਰੂ ਜੀ ਅਨੁਸਾਰ ਜੋ ਮਨੁੱਖ ਗੁਰੂ ਦੀ ਸਿੱਖਿਆ ਉਪਰ ਅਮਲ ਕਰਦਾ ਹੈ, ਉਸਦੀ ਸਦਾ ਸਿਫਤ ਸਲਾਹ ਹੁੰਦੀ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਸੰਸਾਰਿਕ ਰਹੱਸਾਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ, ਪਰ ਇਹ ਸਬ ਕੁਝ ਸੰਭਵ ਕੇਵਲ ਪ੍ਰਮਾਤਮਾ ਦੀ ਮੇਹਰ ਸਦਕਾ ਹੀ ਹੋ ਸਕਦਾ ਹੈ। ਜਿਵੇਂ: -

*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*

*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 633)*

*ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥*

*ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥* *(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 1428)*

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮੁੱਚੀ ਬਾਣੀ ਮਨੁੱਖਤਾ ਦੀ ਭਲਾਈ ਵਾਸਤੇ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਮਨੁੱਖ ਨੂੰ ਉੱਚ ਆਤਮਿਕ ਜੀਵਨ ਜਿਉਣ ਲਈ ਪ੍ਰੇਰਿਤ ਕਰਦੀਆਂ ਹਨ। ਪਰ ਅੱਜ ਸਮਾਜ ਵਿੱਚ ਵਧਦਾ ਜਾ ਰਿਹਾ ਵੈਰ-ਵਿਰੋਧ, ਈਰਖਾ, ਨਫ਼ਰਤ, ਅਮੀਰੀ-ਗਰੀਬੀ ਦਾ ਪਾੜਾ ਅਤੇ ਨਿੱਜਵਾਦ ਉੱਚ ਆਤਮਿਕ ਜੀਵਨ ਦੇ ਸੰਕਲਪ ਨੂੰ ਖ਼ਤਮ ਕਰ ਰਿਹਾ ਹੈ। ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤ ਦੀ ਸਾਰਥਿਕਤਾ ਪਛਾਣਨ ਦੀ ਜ਼ਰੂਰਤ ਹੈ ਕਿ ਕਿਵੇਂ ਗੁਰੂ ਜੀ ਨੇ ਸੋਹਣੇ ਸਮਾਜ ਦੀ ਸਥਾਪਨਾ ਅਤੇ ਮਾਨਵਤਾ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਅੱਜ ਸਮਾਜ ਵਿਚਲੀਆਂ ਢਾਹੂ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰ ਕੇ ਨਰੋਏ ਮਾਨਵਵਾਦੀ ਸਮਾਜ ਦੀ ਸਿਰਜਣਾ ਕਰਨ ਦੀ ਜ਼ਰੂਰਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ ਹੈ। ਗੁਰੂ ਜੀ ਦੀ ਸਮੁੱਚੀ ਬਾਣੀ ਵੈਰਾਗਮਈ ਜੀਵਨ ਅਤੇ ਸੰਸਾਰਕ ਨਾਸ਼ਮਾਨਤਾ ਦੇ ਸੰਦੇਸ਼ ਨਾਲ ਭਰਪੂਰ ਹੈ। ਗੁਰੂ ਜੀ ਨੇ ਜ਼ਬਰ-ਜੁਲਮ ਦੇ ਖਿਲਾਫ ਆਪਣੀ ਹੀ ਕੁਰਬਾਨੀ ਨਹੀਂ ਦਿੱਤੀ ਸਗੋਂ ਆਪਣਾ ਸਾਰਾ ਸਰਬੰਸ ਹੀ ਮਾਨਵਤਾ ਦੀ ਰਾਖੀ ਲਈ ਵਾਰ ਦਿੱਤਾ। ਗੁਰੂ ਜੀ ਦੀ ਸਮੁੱਚੀ ਬਾਣੀ ਅੱਜ ਦੇ ਮਨੁੱਖ ਲਈ ਵੀ ਉਨ੍ਹੀਂ ਹੀ ਸਾਰਥਕ ਹੈ, ਜਿਨ੍ਹੀ ਗੁਰੂ ਸਾਹਿਬ ਜੀ ਦੇ ਸਮੇਂ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਜੀਵਨ ਵਿਚ ਅਪਣਾ ਕੇ ਮਨੁੱਖ ਸੁਚੱਜਾ ਅਤੇ ਆਦਰਸ਼ ਜੀਵਨ ਬਣਾ ਸਕਦਾ ਹੈ।

***ਹਵਾਲੇ ਅਤੇ ਟਿੱਪਣੀਆ : -***


*1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*2. ਬਚਿਤ੍ਰ ਨਾਟਕ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*3. ਡਾ ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼ ਭਾਗ 2, ਗੁਰ ਰਤਨ ਪਬਲਿਸ਼ਰਜ, ਪਟਿਆਲਾ।*

*4. ਡਾ. ਬਲਬੀਰ ਸਿੰਘ ਦਿਲ, ਗੁਰੂ ਤੇਗ਼ ਬਹਾਦਰ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ।*

*5. ਪਿਆਰਾ ਸਿੰਘ ਪਦਮ, ਤੇਗ ਬਹਾਦਰ ਸਿਮਰੀਐ, ਕਲਮ ਮੰਦਰ ਲੋਯਰ ਮਾਲ, ਪਟਿਆਲਾ।*

*6. ਕ੍ਰਿਪਾਲ ਸਿੰਘ ਚੰਦਨ, ਜੀਵਨ ਗਾਥਾ ਤੇ ਉਪਦੇਸ਼: ਗੁਰੂ ਤੇਗ਼ ਬਹਾਦਰ ਜੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ।*

*7. ਬਿਕਰਮ ਸਿੰਘ ਘੁੰਮਣ, ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ: ਜੀਵਨ, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ।*